# ਕੁਝ ਕੁ ਪੁਰਾਤਨ ਸਿਖ-ਇਤਿਹਾਸਕ ਪੱਤ੍ਰੇ—

## ਮੁਸਲਮਾਨਾਂ, ਹਿੰਦੂਆਂ ਤੇ ਈਸਾਈਆਂ ਦੀਆਂ ਲਿਖਤਾਂ 'ਚੋਂ-

ਨੰਬਰ ੧

---

੧ ਦਬਿਸਤਾਨਿ-ਮਜ਼ਾਹਿਬ---ਮੋਹਸਨ ਫ਼ਾਨੀ
੨ ਤੁਜ਼ਕਿ-ਜਹਾਂਗੀਰੀ---ਜਹਾਂਗੀਰ ਬਾਦਸ਼ਾਹ
੩ ਸੀਅਰ-ਉਲ-ਮੁਤਾਖ਼ਰੀਨ---ਗ਼ੁਲਾਮ ਹੁਸੈਨ ਖ਼ਾਨ
੪ ਜਾਮਿ-ਉ-ਤਵਾਰੀਖ---ਕਾਜ਼ੀ ਫ਼ਕੀਰ ਮੁਹੰਮਦ
੫ ਅਰਲੀ ਰੀਕਾਰਡਜ਼ ਔਫ਼ ਬ੍ਰਿਟਿਸ਼ ਇੰਡੀਆ---ਜੇ. ਟੀ. ਵ੍ਹੀਲਰ
੬ ਖ਼ੁਲਾਸਾ-ਤੁ-ਤਵਾਰੀਖ---ਸੁਜਾਨ ਰਾਇ ਭੰਡਾਰੀ

---

1070

1070

ਗੰਡਾ ਸਿੰਘ

pdfelement
Remove Watermark Now

੧ ਓ ਸਤਿਗੁਰਪ੍ਰਸਾਦਿ ॥

# ਕੁਝ ਕੁ ਪੁਰਾਤਨ ਸਿੱਖ-ਇਤਿਹਾਸਕ ਪਤ੍ਰੇ-

## ਮੁਸਲਮਾਨਾਂ, ਹਿੰਦੂਆਂ ਤੇ ਈਸਾਈਆਂ ਦੀਆਂ ਲਿਖਤਾਂ 'ਚੋਂ-

ਗੰਡਾ ਸਿੰਘ,
ਸਿਖ ਹਿਸਟਰੀ ਰੀਸਰਚ ਸਕਾਲਰ,
ਖਾਲਸਾ ਕਾਲਜ, ਅੰਮ੍ਰਿਤਸਰ.

22

੧ ਦਬਿਸਤਾਨਿ ਮਜ਼ਾਹਿਬ, ਕ੍ਰਿਤ ਮੋਹਸਿਨ ਫ਼ਾਨੀ—ਨਾਨਕ ਪੰਥੀ ੧
੨ ਤੁਜ਼ਕਿ ਜਹਾਂਗੀਰੀ—ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ੨੫
੩ ਸੀਯਰ-ਉਲ-ਮੁਤਾਖ਼ਰੀਨ, ਕ੍ਰਿਤ ਗ਼ੁਲਾਮ ਹੁਸੈਨ ਖ਼ਾਨ—ਜ਼ਿਕਰ ਸਿਖ ਗੁਰੂਆਂ, ਬੰਦਾ ਸਿੰਘ ਬਹਾਦੁਰ ਤੇ ਸਿੱਖਾਂ ਦਾ ੩੭
੪ ਜਾਮਿ-ਉ-ਤਵਾਰੀਖ਼, ਕ੍ਰਿਤ ਕਾਜ਼ੀ ਫ਼ਕੀਰ ਮੁਹੰਮਦ—ਹਾਲ ਕਤਲ ਬੰਦਾ ਸਿੰਘ ਤੇ ਸਿੱਖਾਂ ਦਾ ੪੭
੫ ਅਰਲੀ ਰੀਕਾਰਡਜ਼ ਔਫ਼ ਬ੍ਰਿਟਿਸ਼ ਇੰਡੀਆ, ਕ੍ਰਿਤ ਜੇ. ਟੀ. ਵ੍ਹੀਲਰ—ਜ਼ਿਕਰ ਦਿੱਲੀ ਵਿਚ ਸਿੱਖਾਂ ਦੇ ਕਤਲ ਦਾ ੫੧
੬ ਖ਼ੁਲਾਸਾ-ਤੁ-ਤਵਾਰੀਖ਼, ਲਿਖਿਤ ਸੁਜਾਨ ਰਾਇ ਭੰਡਾਰੀ—ਬਿਆਨ ਸਿਖ ਗੁਰੂ ਸਾਹਿਬਾਨ ਤੇ ਸਿਖਾਂ ਦੇ ਧਾਰਮਕ ਤੇ ਸੋਸ਼ਲ ਜੀਵਨ ਦਾ ੫੫

Reprinted from the *Phulwari*, Lahore,
for March to October, 1931.

ਪੰਜਾਬੀ ਪਿਆਰੇ ਅੰਮ੍ਰਿਤਸਰ
੧੯੩੧

ਸਭ ਹੱਕ ਰਾਖਵੇਂ ਹਨ !

# ਨਾਨਕ ਪੰਥੀ!

(ਦਬਿਸਤਾਨਿ-ਮਜ਼ਾਹਿਬ ਵਿੱਚੋਂ ਉਲਥਾ)

"ਦਕਿਸਤਾਨਿ-ਮਜ਼ਾਹਬਿ" ਦਾ ਲੇਖਕ ਮੋਹਸਨ ਫ਼ਾਨੀ ਸ੍ਰੀਗੁਰੂਹਰਿਗੋਬਿੰਦਜੀਤੇ ਗੁਰੂ ਹਰ ਰਾਇ ਜੀ ਦੇ ਸਮੇਂ ਹੋਇਆ ਹੈ । ਇਸ ਨੂੰ ਸੰਸਾਰ ਦੇ ਧਰਮਾਂ ਸੰਬੰਧੀ ਸੱਚੀ ਸੱਚੀ ਵਾਕਫ਼ੀਅਤ ਪੈਦਾ ਕਰਨ ਦਾ ਡਾਢਾ ਸ਼ੌਕ ਸੀ ਤੇ ਹਰ ਇਕ ਮਜ਼ਹਬ ਨੂੰ ਉਨ੍ਹਾਂ ਹੀ ਅੱਖੀਆਂ ਨਾਲ ਵੇਖਣ ਦੀ ਕੋਸ਼ਸ਼ ਕਰਦਾ ਸੀ ਜਿਨ੍ਹਾਂ ਨਾਲ ਕਿ ਉਸਨੂੰ ਉਸ ਮਤ ਦੇ ਅਨੁਯਾਈ ਵੇਖਦੇ ਸਨ। ਇਹ ਲੇਖਕ ਦਿਲ ਦਾ ਬੜਾ ਸਾਫ਼ ਤੇ ਮਜ਼ਹਬੀ ਤਅੱਸਬ ਤੋਂ ਬਰੀ ਸੀ ਤੇ ਇਸ ਨੇ ਧਰਮਾਂ ਸੰਬੰਧੀ ਜੋ ਕੁਝ ਲਿਖਿਆ ਹੈ ਉਸ ਵਿਚ ਆਪਣੀ ਵਲੋਂ ਕੁਝ ਟੀਕਾ-ਟਿੱਪਣੀ ਕਰਨਤੇ ਆਪਣੇ ਭਾਵਾਂਦੀਮਿਲਾਵਟ ਕਰਨ ਦੀ ਜਾਣ ਬੁਝ ਕੇ ਕੁਝ ਕੋਸ਼ਸ਼ ਨਹੀਂ ਕੀਤੀ ਤੇ ਆਪਣੀ ਅੱਖੀਂ ਵੇਖੀ ਤੇ ਕੰਨੀਂ ਸੁਣੀ ਗੱਲ ਇੰਨ-ਬਿੰਨ ਹੀ ਲਿਖ ਦਿੱਤੀ ਹੈ।

ਇਸ ਨੇ ਆਪਣੀ ਫ਼ਾਰਸੀ ਪੁਸਤਕ 'ਦਬਿਸਤਾਨਿ-ਮਜ਼ਾਹਬਿ' ਵਿਚ ਪਾਰਸੀ, ਯਹੂਦੀ, ਹਿੰਦੂ, ਸਿੱਖ, ਮੁਸਲਮਾਨ, ਈਸਾਈ, ਰੋਸ਼ਨੀ, ਇਲਾਹੀਏ ਤੇ ਸੂਫ਼ੀ ਆਦਿ ਆਦਿ ਮਤਾਂ ਸੰਬੰਧੀ ਹਾਲ ਲਿਖੇ ਹਨ ਜਿਸ ਲਈ ਇਸਨੇ ਦੇਸਾਂ ਪਰਦੇਸਾਂ ਦਾ ਰਟਣ ਕੀਤਾ ਤੇ ਹਰ ਧਰਮ ਦੇ ਪਵਿੱਤ੍ਰ ਸਥਾਨਾਂ ਉਤੇ ਜਾਕੇ ਤੇ ਦੇਖ ਭਾਲ ਕੇ ਵਾਕਫ਼ੀਅਤ ਇਕੱਠੀ ਕੀਤੀ ਹੈ ਤੇ ਘਰ ਬਹਿਕੇ ਦੂਰ-ਦੁਰੇਡਿਆਂ ਮੁਲਖਾਂ ਦੇ ਧਰਮਾਂ ਤੇ ਮਤਾਂ ਦੇ ਹਾਲ ਨਹੀਂ ਲਿਖ ਮਾਰੇ ਜਿਸਤਰ੍ਹਾਂ ਕਿ ਅੱਜ ਕਲ ਦੇ ਕਈ ਲਿਖਾਰੀਆਂ ਨੂੰ ਬਾਣ ਪਈ ਹੋਈ ਹੈ।

ਸਿਖ ਧਰਮ ਸੰਬੰਧੀ ਭੀ ਉਕਤ ਪੁਸਤਕ ਵਿਚ '**ਨਾਨਕ ਪੰਥੀ**' ਸਿਰਲੇਖ ਹੇਠਾਂ ਪੰਦਰਾਂ ਵੀਹ ਪੰਨੇ ਲਿਖੇ ਹੋਏ ਹਨ, ਜਿਸ ਵਿਚ ਸ੍ਰੀਗੁਰੂ ਨਾਨਕ ਸਾਹਿਬ ਤੋਂ ਲੈਕੇ ਗੁਰੂ ਹਰਿ ਗੋਬਿੰਦ ਸਾਹਿਬ ਤਕ ਦੇ ਸਮੇਂ ਦੇ ਹਾਲ ਹਨ ਜੋ ਇਸਨੇ ਹਿਜਰੀ ਸੰਨ ੧੦੫੫ ਮੁਤਾਬਕ ਈਸਵੀ ਸੰ: ੧੬੪੫ ਦੇ ਲਾਗੇ ਲਿਖੇ ਹਨ। ਇਹ ਸਿੱਖਾਂ ਸੰਬੰਧੀ ਕਿਸੇ ਅਨਜ-ਧਰਮੀ ਦੀ ਸਭਤੋਂ ਪਹਿਲੀ ਲਿਖਤ ਹੈ ਜੋ ਮਿਲਦੀ ਹੈ । ਭਾਵੇਂ ਇਸ ਨੂੰ ਵੀ ਕਈਇਕ ਗੱਲਾਂ ਵਿਚ ਭੁਲੇਖਾ ਲੱਗਾ ਹੈ, ਜਿਸਦਾ ਕਾਰਣ ਇਸਦਾ ਲੋਕਾਂਦੀ ਬੋਲੀ ਤੋਂ ਅਣਜਾਣ ਹੋਣਾ ਯਾ ਇਸ ਨੂੰ ਦੱਸਣ ਵਾਲਿਆਂ ਦੀ ਘੱਟ ਤੇ ਕੱਚੀ ਵਾਕਫ਼ੀਅਤ ਹੈ, ਪਰ ਤਾਂ ਭੀ ਇਸ ਨੇ ਜੋ ਕੁਝ ਲਿਖਿਆ ਹੈ ਨੇਕ-ਨੀਅਤੀ ਤੇ

ਹਮਦਰਦੀ ਦੇ ਭਾਵ ਨਾਲ ਅੱਖੀਂ ਡਿੱਠੇ ਤੇ ਉਸ ਵੇਲੇ ਦੇ ਕੰਨੀਂ ਸੁਣੇ ਹਾਲ ਲਿਖੇ ਹਨ ਜੋ ਇਤਿਹਾਸਕ ਨੁਕਤੇ ਤੋਂ ਬਹੁ-ਮੁੱਲੀ ਚੀਜ਼ ਹੈ। ਇਸ ਤੋਂ ਗੁਰੂ ਸਾਹਿਬਾਂ ਦੇ ਉੱਚੇ ਜੀਵਨ, ਧਾਰਮਕ ਵਿਚਾਰਾਂ, ਉਪਦੇਸ਼ਾਂ ਤੇ ਰੀਤਾਂ, ਅਤੇ ਗੁਰ-ਸਿਖਾਂ ਦੇ ਸੁੱਚੇ ਜੀਵਨਾਂ ਤੇ ਗੁਰੂ ਸਾਹਿਬਾਂ ਲਈ ਸ਼ਰਧਾ, ਪ੍ਰੇਮ ਤੇ ਕੁਰਬਾਨੀ ਦੇ ਮਾਦੇ ਦਾ ਇਕ ਸੋਹਣਾ ਨਕਸ਼ਾ ਸਾਡੀਆਂ ਅੱਖੀਆਂ ਦੇ ਸਾਹਮਣੇ ਆ ਜਾਂਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਨਾਲ ਮੋਹਸਨ ਫ਼ਾਨੀ ਦੀ ਚੰਗੀ ਵਾਕਫ਼ੀ ਜਾਪਦੀ ਹੈ, ਕਿਉਂਕਿ ਉਨ੍ਹਾਂ ਨਾਲ ਇਸ ਦੀ ਲਿਖਾ-ਪੜ੍ਹੀ ਹੁੰਦੀ ਰਹੀ ਹੈ ਜਿਸਦਾ ਉਹ ਆਪ ਜ਼ਿਕਰ ਕਰਦਾ ਹੈ, ਤੇ ਗੁਰੂ ਹਰਿਰਾਇ ਜੀ ਦਾ ਭੀ ਆਪਨਾ ਚੰਗੀ ਤਰ੍ਹਾਂ ਜਾਣੂੰ ਹੋਣਾ ਦਸਦਾ ਹੈ। ਇਨ੍ਹਾਂ ਦੇ ਉੱਚੇ ਤੇ ਸੁੱਚੇ ਜੀਵਨਾਂ ਦਾ ਇਸ ਪਰ ਖ਼ਾਸ ਅਸਰ ਹੋਇਆ ਦਿਸਦਾ ਹੈ ਤੇ ਸਿੱਖੀ ਜੀਵਨ ਇਸਦੇ ਹਿਰਦੇ ਪੁਰ ਖੁਭਿਆ ਹੋਇਆ ਭਾਸਦਾ ਹੈ। ਇਸਨੇ ਮੁਗ਼ਲ ਬਾਦਸ਼ਾਹਾਂ ਦੇ ਵੇਲੇ ਇਹ ਹਾਲ ਲਿਖੇ ਹੋਣ ਕਰਕੇ ਜਿਥੇ ਉਨ੍ਹਾਂ ਲਈ ਬੜੇ ਤਾਰੀਫ਼ਾਂ ਭਰੇ ਸ਼ਬਦ ਵਰਤੇ ਹਨ ਉਥੇ ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਸ੍ਰੀ ਗੁਰੂ ਹਰਿਰਾਇ ਜੀ ਲਈ ਭੀ, ਜੋ ਮੁਗ਼ਲ ਬਾਦਸ਼ਾਹਾਂ ਦੀਆਂ ਅੱਖੀਆਂ ਵਿਚ ਕੱਖਾਂ ਵਾਂਗ ਰੜਕਦੇ ਸਨ, ਬੜੀ ਇੱਜ਼ਤ ਤੇ ਸ਼ਰਧਾ ਭਰੇ ਸ਼ਬਦ ਵਰਤ ਕੇ ਆਪਣੇ ਦਿਲ ਦੀ ਨਿਰਵੈਰਤਾ ਦਾ ਸਬੂਤ ਦਿਤਾ ਹੈ।

ਭਾਵੇਂ ਸ੍ਰੀ ਗੁਰੂ ਨਾਨਕ ਸਾਹਿਬ ਸੰਬੰਧੀ ਤਾਂ ਸੁਣੀਆਂ ਸੁਣਾਈਆਂ ਗੱਲਾਂ ਹੀ ਲਿਖੀਆਂ ਹੋਈਆਂ ਹਨ ਜੋ ਉਨ੍ਹਾਂ ਦੀਆਂ ਕਰਾਮਾਤੀ ਕਹਾਣੀਆਂ ਨਾਲ ਰਲ-ਮਿਲ ਤੇ ਹੇਠ-ਉਪਰ ਹੋ ਗਈਆਂ ਦਿਸਦੀਆਂ ਹਨ, ਜਿਸਦਾ ਕਿ ਵਿਸਥਾਰ ਸਹਿਤ ਜ਼ਿਕਰ ਉਲਥੇ ਦੇ ਅੰਤ ਵਿਚ ਵਿਚਾਰ ਵਿਚ ਕੀਤਾ ਜਾਵੇਗਾ, ਅਤੇ ਸ੍ਰੀ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਸਾਹਿਬ ਸੰਬੰਧੀ ਭੀ ਕੁਝ ਜ਼ਿਆਦਾ ਨਹੀਂ ਲਿਖਿਆ, ਪਰ ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਤੇ ਮਸੰਦਾਂ ਦੇ ਹਾਲ ਬੜੇ ਸੋਹਣੇ ਤੇ ਇਤਿਹਾਸਕ ਹਨ।

ਮੋਹਸਨ ਫ਼ਾਨੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਗ੍ਰਿਫ਼ਤਾਰੀ ਤੇ ਸ਼ਹੀਦੀ ਦਾ ਕਾਰਣ ਕੇਵਲ ਖ਼ੁਸਰੋ ਨੂੰ ਸਹਾਇਤਾ ਦੇਣ ਤੇ ਉਸ ਦੇ ਹੱਕ ਵਿਚ ਦੁਆ ਕਰਨ ਕਰਕੇ ਜਹਾਂਗੀਰ ਬਾਦਸ਼ਾਹ ਦਾ ਦਿਲੀ ਗੁੱਸਾ ਦਸਦਾ ਹੈ ਤੇ ਲਿਖਦਾ ਹੈ ਕਿ ਜਹਾਂਗੀਰ ਉਨ੍ਹਾਂ ਪਾਸੋਂ ਪੈਸੇ ਕਢਣੇ (ਜੁਰਮਾਨਾਂ ਵਸੂਲ ਕਰਨਾ) ਚਾਹੁੰਦਾ ਸੀ। ਇਹੋ ਕੁਝ ਹੀ ਜਹਾਂਗੀਰ ਆਪ ਆਪਣੀ ਤੁਜ਼ਕਿ-ਜਹਾਂਗੀਰੀ ਵਿਚ ਲਿਖਦਾ ਹੈ ਜਿਥੇ ਕਿ ਉਹ ਆਪਣੇ ਮਜ਼ਹਬੀ ਤਅੱਸਬ ਦੀ ਬਹੁਤ ਕੁਝ ਹਵਾੜ ਛੱਡਦਾ ਹੈ--ਇਹ ਹਾਲ ਫੇਰ ਕਦੀ ਪਾਠਕਾਂ ਦੀ ਭੇਟਾ ਕੀਤੇ ਜਾਣਗੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੇ ਹਾਲ, ਜੋ ਆਪਣੇ ਦੇਖੇ ਦਸਦਾ ਹੈ, ਬਹੁਤ ਭਰੋਸੇ ਯੋਗ ਹਨ, ਤੇ ਜਹਾਂਗੀਰ ਵਲੋਂ ਗੁਰੂ ਸਾਹਿਬ ਨੂੰ ਗਵਾਲੀਅਰ ਭੇਜੇ ਜਾਣ ਦਾ ਇਸਦਾ ਲਿਖਿਆ ਕਾਰਨ ਸਾਢੇ ਪੰਦਰਾਂ ਆਨੇ ਸੱਚ ਹੈ--

ਇਸ ਕੀਮਤੀ ਇਤਿਹਾਸਕ ਲੇਖ ਨੂੰ ਚਾਨਣੇ ਵਿਚ ਲਿਆਉਣ ਲਈ ਦੇਖੋ ਅਸੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

EVACUEE TRUST PROPERTY BOARD

WCP

WORLD CENTRE FOR PUNJABI

World Centre for Punjabi, Lahore, Pakistan.